# North Surrey Learning Centre

9260 140 Street, Surrey, BC V3V 5Z4
Phone: (604) 583 – 4040


## Online Payment for School Expenses

## ਸਕੂਲ ਦੇ ਖਰਚਿਆਂ ਲਈ ਆਨਲਾਈਨ ਅਦਾਇਗੀ (ਪੇਮੈਂਟ)

*(Online Payment for School Expenses)*

ਪਿਆਰੇ ਮਾਪਿਓ,
*ਸਕੂਲ ਕੈਸ਼ ਆਨਲਾਈਨ* ਸ਼ੁਰੂ ਕਰਦਿਆਂ ਸਾਨੂੰ ਖੁਸ਼ੀ ਹੋ ਰਹੀ ਹੈ, ਜਿਹੜਾ ਤੁਹਾਨੂੰ ਟ੍ਰਿਪਾਂ, ਕਲੱਬਾਂ/ਐਥਲੈਟਿਕ ਦੀਆਂ ਫੀਸਾਂ, ਅਤੇ ਸਪਿਰਟ ਵੀਅਰ (ਸਕੂਲ ਦੇ ਲੋਗੋ ਵਾਲੇ ਕੱਪੜਿਆਂ) ਵਰਗੀਆਂ ਸਕੂਲ ਦੀਆਂ ਚੀਜ਼ਾਂ ਲਈ ਆਨਲਾਈਨ ਅਦਾਇਗੀ (ਪੇਮੈਂਟ) ਕਰਨ ਦੀ ਸਹੂਲਤ ਦਿੰਦਾ ਹੈ। ਅਸੀਂ ਸੱਚਮੁੱਚ ਹੀ ਸਕੂਲ ਦੇ ਖਰਚਿਆਂ ਦੀ ਅਦਾਇਗੀ ਕਰਨ ਸਮੇਂ ਤੁਹਾਡਾ ਵਕਤ ਬਚਾਉਣਾ ਚਾਹੁੰਦੇ ਹਾਂ ਅਤੇ *ਸਕੂਲ ਕੈਸ਼ ਆਨਲਾਈਨ* ਕੈਸ਼ ਅਤੇ ਚਿਕਾਂ ਤੋਂ ਬਿਨਾਂ ਖਰਚਿਆਂ ਦੀ ਅਦਾਇਗੀ ਕਰਨ ਦਾ ਬਹੁਤ ਵਧੀਆ ਢੰਗ ਹੈ।

**ਆਨਲਾਈਨ ਰਜਿਸਟਰ ਹੋਣ ਲਈ:**

ਕਦਮ 1: ਸਾਡੇ ਸਕੂਲ ਦੇ ਵੈੱਬਸਾਈਟ 'ਤੇ ਜਾਉ: **https://surreyschools.schoolcashonline.com**
ਕਦਮ 2: 'ਪੇਰੈਂਟ' ਟੈਬ 'ਤੇ ਕਲਿੱਕ ਕਰੋ ਅਤੇ "ਪੇਅ ਫੀਜ਼ ਆਨਲਾਈਨ" ਚੁਣੋ।
ਕਦਮ 3: "ਰਜਿਸਟਰ" ਨੂੰ ਚੁਣ ਕੇ ਰਜਿਸਟਰ ਹੋਵੋ ਅਤੇ ਦੱਸੇ ਗਏ ਕਦਮ ਮੁਕੰਮਲ ਕਰੋ।
ਕਦਮ 4: ਕਨਫਿਰਮੇਸ਼ਨ ਮਿਲਣ ਤੋਂ ਬਾਅਦ "ਕਲਿੱਕ ਹੀਅਰ" 'ਤੇ ਕਲਿੱਕ ਕਰੋ, ਲੌਗ ਇਨ ਹੋਵੋ ਅਤੇ ਆਪਣੇ ਹਰ ਬੱਚੇ ਨੂੰ ਆਪਣੇ ਘਰ ਦੇ ਅਕਾਊਂਟ 'ਚ ਰਜਿਸਟਰ ਕਰੋ।

ਜਦੋਂ ਤੁਹਾਡੇ ਬੱਚੇ ਰਜਿਸਟਰ ਹੋ ਜਾਣਗੇ ਤਾਂ ਜਦੋਂ ਵੀ ਉਨ੍ਹਾਂ ਲਈ ਕੋਈ ਨਵੀਂ ਚੀਜ਼ ਖ਼੍ਰੀਦਣ ਲਈ ਲੱਗੇਗੀ ਤਾਂ ਤੁਸੀਂ ਉਸ ਨੂੰ ਦੇਖ ਸਕੋਗੇ। ਤੁਹਾਡੇ ਕੋਲ ਇਹ ਵੀ ਚੋਣ ਹੋਵੇਗੀ ਕਿ ਜਦੋਂ ਵੀ ਤੁਹਾਡੇ ਬੱਚੇ ਦਾ ਕੋਈ ਨਵਾਂ ਖਰਚਾ ਅਦਾ ਕਰਨ ਵਾਲਾ ਹੋਵੇ ਤਾਂ ਤੁਹਾਨੂੰ ਉਸ ਬਾਰੇ ਜਾਣੂ ਕਰਵਾਇਆ ਜਾਵੇ, ਇਸ ਤਰ੍ਹਾਂ ਤੁਹਾਨੂੰ ਅਦਾਇਗੀ ਕਰਨ ਦੀ ਆਖਰੀ ਤਰੀਕ (ਡੈੱਡਲਾਈਨ) ਦੇ ਲੰਘ ਜਾਣ ਬਾਰੇ ਫਿਕਰ ਕਰਨ ਦੀ ਲੋੜ ਨਹੀਂ ਰਹੇਗੀ।

✓ **ਸੁਖਾਲਾ** ✓ **ਸੁਰੱਖਿਅਤ** ✓ **ਭਰੋਸੇਯੋਗ**

ਰਜਿਸਟ੍ਰੇਸ਼ਨ ਦੇ ਦੌਰਾਨ ਜਾਂ ਆਨਲਾਈਨ ਸ਼ਾਪਿੰਗ ਕਰਦੇ ਵਕਤ ਜੇ ਤੁਹਾਡੇ ਮਨ ਵਿੱਚ ਕੋਈ ਸਵਾਲ ਆਵੇ ਤਾਂ ਕਿਰਪਾ ਕਰਕੇ ਸਕਰੀਨ ਦੇ ਉਪਰਲੇ ਹਿੱਸੇ ਵਿੱਚ ਸੱਜੇ ਪਾਸੇ ਦਿੱਤੀ ***ਸੁਪੋਰਟ*** ਦੀ ਚੋਣ ਕਰੋ।

ਸਤਿਕਾਰ ਨਾਲ,

Jewel Bondar
Principal